# ''ਸਾਡਾ ਖ਼ੁਦਾ ਸਮਰੱਥ ਹੈ''

ਅਸੀਂ ਅਜਿਹੀ ਦੁਨੀਆਂ ਵਿਚ ਰਹਿੰਦੇ ਹਾਂ ਜੋ ਤਾਕਤ ਅੱਗੇ ਝੁੱਕਦੀ ਹੈ।

ਜਿਨ੍ਹਾਂ ਦਿਨਾਂ ਵਿਚ ਸਾਡਾ ਪਰਿਵਾਰ ਕਲੇਬਰਨ, ਟੈਕਸਸ ਵਿਚ ਰਹਿੰਦਾ ਸੀ, ਉੱਥੋਂ ਦੀ ਮੰਡਲੀ ਦੇ ਬਹੁਤ ਸਾਰੇ ਲੋਕ ਗਲੈਨ ਰੋਜ਼ ਦੇ ਕਮੈਂਚੇ ਪੀਕ ਪਾਵਰ ਪਲਾਂਟ ਵਿਚ ਕੰਮ ਕਰਦੇ ਸਨ। ਅਜਿਹੇ ਪਲਾਂਟ ਦੀ ਊਰਜਾ ਸ਼ਕਤੀ ਯਕੀਨ ਤੋਂ ਬਾਹਰ ਹੈ। ਮੈਨੂੰ ਦੱਸਿਆ ਗਿਆ ਸੀ ਕਿ ਇਕ ਗ੍ਰਾਮ ਯੁਰੇਨਿਅਮ ਦੇ ਵਿਖੰਡਨ ਨਾਲ ਵੀਹ ਟਨ ਡਾਇਨਾਮਾਈਟ ਦੇ ਬਰਾਬਰ ਊਰਜਾ ਪੈਦਾ ਹੁੰਦੀ ਹੈ। ਜੇ ਤੁਹਾਨੂੰ ਇਹ ਪਤਾ ਨਹੀਂ ਕਿ ਇਕ ਗ੍ਰਾਮ ਕਿੰਨਾ ਵੱਡਾ ਹੁੰਦਾ ਹੈ ਤਾਂ ਕਲਪਨਾ ਕਰੋ ਕਿ ਤੁਹਾਡੇ ਹੱਥ ਵਿਚ ਬਰਥਡੇ ਕੇਕ 'ਤੇ ਲਾਉਣ ਵਾਲੀ ਇਕ ਛੋਟੀ ਜਿਹੀ ਮੋਮਬੱਤੀ ਹੈ। ਉਹ ਮੋਮਬੱਤੀ ਇਕ ਗ੍ਰਾਮ ਦੀ ਹੁੰਦੀ ਹੈ। ਪੂਰੀ ਬਾਲਿਆਂ ਬੜੀ ਮੁਸ਼ਕਿਲ ਨਾਲ ਇਸ ਨਾਲ ਕੌਫ਼ੀ ਦਾ ਇਕ ਕੱਪ ਗਰਮ ਹੋ ਸਕਦਾ ਹੈ, ਪਰ ਜੇ ਇਹ ਨਿਊਕਲੀਅਰ ਪਲਾਂਟ ਵਿਚ ਇਕ ਗ੍ਰਾਮ ਯੂਰੇਨੀਅਮ ਹੁੰਦੀ ਤਾਂ ਇਹ 20 ਟਨ TNT ਦੇ ਬਰਾਬਰ ਊਰਜਾ ਪੈਦਾ ਕਰ ਸਕਦੀ ਸੀ। ਪਰ ਮੈਂ ਐਲਬਰਟ ਆਈਨਸਟਾਈਨ ਦੀ ਸਮੀਰਕਨ $E=MC^2$ ਦੀ ਉਦਾਹਰਣ ਵਰਤਦੇ ਹੋਏ ਅੱਗੇ ਨਿੱਕਲ ਜਾਂਦਾ ਹਾਂ ਕਿ ਜੇ ਉਸ ਛੋਟੀ ਜਿਹੀ ਮੋਮਬੱਤੀ ਨੂੰ ਪੂਰੀ ਤਰ੍ਹਾਂ ਊਰਜਾ ਵਿਚ ਬਦਲ ਦਿੱਤਾ ਜਾਵੇ ਤਾਂ ਇਸ ਨਾਲ ਉਸ ਸਾਰੇ ਇਲਾਕੇ[1] ਲਈ ਪੂਰੇ ਦਿਨ ਦੀ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ!

ਹਾਂ, ਦੁਨੀਆਂ ਸ਼ਕਤੀ ਤੋਂ ਹੀ ਡਰਦੀ ਹੈ। ਇਹ ਸ਼ਕਤੀ ਐਵੇਂ ਹੀ ਨਹੀਂ ਆ ਗਈ। ਇਹ ਕਿਸੇ ਕੋਲੋਂ ਮਿਲੀ ਹੈ ਅਤੇ ਇਸ ਨੂੰ ਦੇਣ ਵਾਲਾ ਖ਼ੁਦਾ ਹੈ, ਜੋ ਸਰਵਸ਼ਕਤੀਮਾਨ ਹੈ। ਭਾਵ ਜਿਹਦੇ ਕੋਲ ਸਾਰੀ ਸ਼ਕਤੀ ਹੈ।

ਇਹ ਤੱਥ ਕਿ ਖ਼ੁਦਾ ਕੋਲ ਸ਼ਕਤੀ ਹੈ, ਉਹਦੇ ਬੱਚਿਆਂ ਨੂੰ ਹਮੇਸ਼ਾ ਨੂੰ ਤਸੱਲੀ ਦੇਣ ਵਾਲਾ ਰਿਹਾ ਹੈ। ਜਦ ਸ਼ਦਰਕ, ਮੇਸ਼ਕ ਅਤੇ ਅਬੇਦਨਗੋ ਨੂੰ ਧਮਕਾਇਆ ਗਿਆ ਸੀ, ਤਾਂ ਉਨ੍ਹਾਂ ਨੇ ਜਵਾਬ ਦਿੱਤਾ ਸੀ, ''ਸਾਡਾ ਪ੍ਰਮੇਸ਼ਵਰ ਜਿਸ ਦੀ ਅਸੀਂ ਸੇਵਾ ਕਰਦੇ ਹਾਂ ਸਾਨੂੰ ਅੱਗ ਦੀ ਬਲਦੀ ਹੋਈ ਭੱਠੀ ਤੋਂ ਛੁਡਾਉਣ ਦੀ ਸ਼ਕਤੀ ਰੱਖਦਾ ਹੈ ...'' (ਦਾਨੀਏਲ 3:17ੳ)। ਇਸ ਜਵਾਬ ਦੇ ਮੁੱਖ ਸ਼ਬਦ ''ਸਾਡਾ ਪ੍ਰਮੇਸ਼ਵਰ ... ਸ਼ਕਤੀ ਰੱਖਦਾ ਹੈ'' ਹੀ ਸਾਡੇ ਇਸ ਪਾਠ ਵਿਚ ਰਹਿਣਗੇ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਉਹ ਸ਼ਕਤੀਸ਼ਾਲੀ ਖ਼ੁਦਾ ਦੀ ਬੰਦਗੀ ਕਰਦੇ ਹਨ!

ਆਸਟ੍ਰੇਲੀਆ ਵਿਚ ਇਕ ਮਿਸ਼ਨਰੀ ਟੋਲੀ ਨਾਲ ਕੰਮ ਕਰਦਿਆਂ ਇਕ ਵਾਰ ਮੈਨੂੰ ਇਕ ਕੰਮ ਕਰਨ ਦੀ ਆਪਣੀ ਕਾਬਲੀਅਤ 'ਤੇ ਸ਼ੱਕ ਹੋ ਗਿਆ। ਉਸ ਨਿਰਾਸ਼ਾ ਦੇ ਵਕਤ ਮੈਂ ''ਖ਼ੁਦਾ ਸ਼ਕਤੀ ਰੱਖਦਾ ਹੈ'' ਵਾਕਾਂਸ਼ ਤੋਂ ਬੜਾ ਪ੍ਰਭਾਵਤ ਹੋਇਆ ਸਾਂ। ਮੈਨੂੰ ਇਹ ਤਾਂ ਯਾਦ ਨਹੀਂ ਹੈ ਕਿ ਮੇਰਾ ਧਿਆਨ ਬਾਈਬਲ ਪੜ੍ਹਦਿਆਂ ਗਿਆ ਸੀ ਜਾਂ ਕਿਸੇ ਨੇ ਮੈਨੂੰ ਪੜ੍ਹਨ ਲਈ ਕਿਹਾ ਸੀ, ਪਰ ਮੈਨੂੰ ਉਦੋਂ ਨਹੀਂ ਗੱਲ ਪਤਾ ਲੱਗੀ ਸੀ ਕਿ ਖ਼ੁਦਾ ਦਾ ਵਚਨ ਕਿਵੇਂ ਸਾਡੇ ਦਿਲਾਂ ਨਾਲ ਗੱਲ ਕਰਦਾ ਹੈ। ਅਹਿਮ ਗੱਲ ਕਿਸੇ ਬੰਦੇ ਦੀ ਆਪਣੀ ਤਾਕਤ ਨਹੀਂ ਸਗੋਂ *ਖ਼ੁਦਾ ਦੀ* ਤਾਕਤ ਹੈ।

ਜਦ ਅਸੀਂ ਖ਼ੁਦਾ ਦੀ *ਸਮਰੱਥਾ* ਦੀ ਗੱਲ ਕਰਦੇ ਹਾਂ, ਤਾਂ ਅਸੀਂ ਖ਼ੁਦਾ ਦੀ *ਸ਼ਕਤੀ* ਦੀ

ਗੱਲ ਕਰ ਰਹੇ ਹੁੰਦੇ ਹਾਂ। ਨਵੇਂ ਨੇਮ ਵਿਚ ਯੂਨਾਨੀ ਸ਼ਬਦ ਦਾ ਅਨੁਵਾਦ ''ਸ਼ਕਤੀ'' ਓਸੇ ਸ਼ਬਦ ਤੋਂ ਨਿੱਕਲਿਆ ਹੈ ਜਿਸ ਤੋਂ ਭਾਵ ਸਮਰੱਥਾ ਹੈ। ਅਸੀਂ ਖ਼ੁਦਾ ਦੇ ਸਰਬਸ਼ਕਤੀਮਾਨ ਹੋਣ ਦੇ ਹਵਾਲੇ ਦੱਸ ਕੇ ਜ਼ੋਰ ਦੇ ਸਕਦੇ ਹਾਂ ਕਿ ਉਹ ਸਮਰੱਥ ਹੈ, ਪਰ ਇਸ ਪਾਠ ਵਿਚ ਅਸੀਂ ਇਵੇਂ ਨਹੀਂ ਸਮਝਾਵਾਂਗੇ। ਅਸੀਂ ''ਸਾਡਾ ਖ਼ੁਦਾ ਸ਼ਕਤੀ ਰੱਖਦਾ ਹੈ'' ਵਾਕਾਂਸ਼ 'ਤੇ ਹੀ ਧਿਆਨ ਕੇਂਦਰਿਤ ਰੱਖਾਂਗੇ। ਅਸੀਂ ਉਨ੍ਹਾਂ ਸਭ ਹਵਾਲਿਆਂ 'ਤੇ ਗੌਰ ਕਰਨ ਦੀ ਕੋਸ਼ਿਸ਼ ਕਰਾਂਗੇ ਜਿਨ੍ਹਾਂ ਵਿਚ ਇਹ ਵਾਕਾਂਸ਼ ਮਿਲਦਾ ਹੈ।[2] ਇਸ ਸੰਦੇਸ਼ ਦਾ ਅਸਰ ''ਖ਼ੁਦਾ ਸ਼ਕਤੀ ਰੱਖਦਾ ਹੈ'' ਸ਼ਬਦਾਂ ਵਿਚ ਮਿਲ ਜਾਵੇਗਾ।

## ਅਤੀਤ ਵਿਚ ਖ਼ੁਦਾ ਸ਼ਕਤੀ ਰੱਖਦਾ ਸੀ

ਖ਼ੁਦਾ ਦੇ ਲੋਕਾਂ ਦਾ ਵਿਸ਼ਵਾਸ ਹੁੰਦਾ ਹੈ ਕਿ ਖ਼ੁਦਾ ਕਰ ਸਕਦਾ ਹੈ। ਦਾਨੀਏਲ 3 ਅਧਿਆਇ ਵਿਚ ਬਾਬੁਲ ਦੇ ਬਾਦਸ਼ਾਹ ਨੇ ਫ਼ਰਮਾਨ ਜਾਰੀ ਕੀਤਾ ਕਿ ਸਭ ਲੋਕ ਉਹਦੀ ਬਣਾਈ ਮੂਰਤੀ ਸਾਹਮਣੇ ਮੱਥਾ ਟੇਕਣ। ਤਿੰਨ ਇਬਰਾਨੀ ਜਵਾਨਾਂ, ਜਿਨ੍ਹਾਂ ਦੇ ਨਾਂਅ ਸ਼ਦਰਕ, ਮੇਸ਼ਕ ਅਤੇ ਅਬੇਦਨਗੋ ਸਨ, ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਬਾਦਸ਼ਾਹ ਸਾਹਮਣੇ ਪੇਸ਼ ਕਰਕੇ ਉਨ੍ਹਾਂ ਨੂੰ ਹੁਕਮ ਨਾ ਮੰਨਣ ਦੇ ਨਤੀਜੇ ਯਾਦ ਦੁਆਏ ਗਏ: ''ਜੇ ਕਰ ਤੁਸੀਂ ਮੱਥਾ ਨਾ ਟੇਕੋ ਤਾਂ ਓਸੇ ਘੜੀ ਤੁਸੀਂ ਅੱਗ ਦੀ ਬਲਦੀ ਹੋਈ ਭੱਠੀ ਵਿਚ ਸੁੱਟੇ ਜਾਓਗੇ ਅਤੇ ਉਹ ਦਿਓਤਾ ਕਿਹੜਾ ਹੈ ਜਿਹੜਾ ਤੁਹਾਨੂੰ ਮੇਰੇ ਹੱਥੋਂ ਛੁਡਾ ਲਵੇ?'' (ਆਇਤ 15ਅ)। ਇਨ੍ਹਾਂ ਜਵਾਨਾਂ ਦਾ ਜਵਾਬ ਸੀ:

> ਹੇ ਨਬੂਕਦਨੱਸਰ, ਅਸੀਂ ਇਸ ਗੱਲ ਵਿਚ ਤੁਹਾਨੂੰ ਉੱਤਰ ਦੇਣਾ ਜ਼ਰੂਰੀ ਨਹੀਂ ਸਮਝਦੇ ਹਾਂ। ਸਾਡਾ ਪ੍ਰਮੇਸ਼ਵਰ ਜਿਹ ਦੀ ਅਸੀਂ ਸੇਵਾ ਕਰਦੇ ਹਾਂ ਸਾਨੂੰ ਅੱਗ ਦੀ ਬਲਦੀ ਹੋਈ ਭੱਠੀ ਤੋਂ ਛੁਡਾਉਣ ਦੀ ਸ਼ਕਤੀ ਰੱਖਦਾ ਹੈ ਅਤੇ ਹੇ ਮਹਾਰਾਜ ਜੀ, ਓਹੀ ਸਾਨੂੰ ਤੁਹਾਡੇ ਹੱਥੋਂ ਛੁਡਾਵੇਗਾ (ਆਇਤਾਂ 16ਅ, 17)

ਇਕ ਹੋਰ ਬੇਹਤਰੀਨ ਉਦਾਹਰਣ ਹੈ ਜਦ ਅਬਰਾਹਾਮ ਨੂੰ ਖ਼ੁਦਾ ਨੇ ਆਪਣੇ ਬੇਟੇ ਇਸਹਾਕ ਦੀ ਕੁਰਬਾਨੀ ਦੇਣ ਦਾ ਹੁਕਮ ਦਿੱਤਾ ਸੀ (ਉਤਪਤ 22)। ਅਬਰਾਹਾਮ ਦੇ ਵਿਸ਼ਵਾਸ ਨੂੰ ਵੇਖ ਕੇ ਅਸੀਂ ਦੰਗ ਰਹਿ ਜਾਂਦੇ ਹਾਂ। ਅਬਰਾਹਾਮ ਨੇ ਖ਼ੁਦਾ ਦੇ ਹੁਕਮ ਨੂੰ ਕਿਵੇਂ ਪੂਰਾ ਕੀਤਾ?[3] ਇਬਰਾਨੀਆਂ ਦੀ ਪੱਤਰੀ ਦਾ ਲੇਖਕ ਦੱਸਦਾ ਹੈ ਕਿ ਕਿਵੇਂ ''ਨਿਹਚਾ ਨਾਲ ਅਬਰਾਹਾਮ ਨੇ ਜਦ ਪਰਤਾਇਆ ਗਿਆ ਤਾਂ ਇਸਹਾਕ ਨੂੰ ਬਲੀਦਾਨ ਲਈ ਚੜ੍ਹਾਇਆ। ... ਕਿਉਂ ਜੋ ਉਹ ਨੇ ਵਿਚਾਰ ਕੀਤਾ ਜੋ ਪ੍ਰਮੇਸ਼ਵਰ ਮੁਰਦਿਆਂ ਵਿੱਚੋਂ ਭੀ ਉਠਾਲਣ ਨੂੰ *ਸਮਰਥ* ਹੈ ...'' (ਇਬਰਾਨੀਆਂ 11:17-19ੳ)। ਅਬਰਾਹਾਮ ਅਜਿਹੇ ਖ਼ੁਦਾ ਵਿਚ ਵਿਸ਼ਵਾਸ ਰੱਖਦਾ ਸੀ ਜੋ ਕੁਝ ਵੀ ਕਰ ਸਕਣ ਲਈ ਸਮਰੱਥ ਹੈ!

ਯਸਾਯਾਹ ਅਤੇ ਹਿਜ਼ਕੀਏਲ ਦੇ ਸਮੇਂ ਸਾਨੂੰ ਇਕ ਮੂਰਤੀਪੂਜਕ ਦੀ ਉਦਾਹਰਣ ਮਿਲਦੀ ਹੈ, ਜਿਹਨੇ ਯਹੋਵਾ ਦੀ ਸ਼ਕਤੀ 'ਤੇ ਸ਼ੱਕ ਕੀਤਾ ਸੀ। ਅਸ਼ੂਰੀਆਂ ਦੇ ਰਾਜੇ ਸਨਹੇਰੀਬ, ਆਪਣੇ ਸਾਹਮਣੇ ਆਉਣ 'ਤੇ ਕਿਸੇ ਨੂੰ ਵੀ ਨਾਸ ਕਰਦਾ ਹੋਇਆ ਉੱਤਰੀ ਰਾਜ 'ਤੇ ਫ਼ਤਹਿ ਪਾ ਚੁੱਕਾ ਸੀ। ਹੁਣ ਉਹ ਯਰੂਸ਼ਲਮ ਦੇ ਫ਼ਾਟਕਾਂ 'ਤੇ ਸੀ ਅਤੇ ਉਹਨੇ ਯਰੂਸ਼ਲਮ ਦੇ ਲੋਕਾਂ ਨੂੰ ਆਪਣਾ ਮਜ਼ਾਕ ਭਰਿਆ ਸੁਨੇਆ ਘੱਲਿਆ:

> ਕੀ ਤੁਸੀਂ ਨਹੀਂ ਜਾਣਦੇ ਜੋ ਮੈਂ ਅਤੇ ਮੇਰੇ ਪਿਉ ਦਾਦਿਆਂ ਨੇ ਸਾਰੇ ਲੋਕਾਂ ਅਤੇ ਦੇਸਾਂ ਲਈ ਕੀ ਕੀਤਾ? ਕੀ ਉਨ੍ਹਾਂ ਦੇਸਾਂ ਦੇ ਦੇਵਤੇ ਮੇਰੇ ਹੱਥੋਂ ਉਨ੍ਹਾਂ ਦੇ ਦੇਸਾਂ ਨੂੰ ਛੁਡਾ ਸਕੇ? ... ਫਿਰ ਤੁਹਾਡਾ ਪ੍ਰਮੇਸ਼ਵਰ ਕਿਵੇਂ ਤੁਹਾਨੂੰ ਮੇਰੇ ਹੱਥੋ ਛੁਡਾ ਲਵੇਗਾ? (2 ਇਤਿਹਾਸ 32:13-15)।

ਭਲਾ ਸਨਹੇਰੀਬ ਸਹੀ ਸੀ? ਭਲਾ ਖ਼ੁਦਾ ਵਿਚ ਆਪਣੇ ਲੋਕਾਂ ਨੂੰ ਛੁਡਾ ਸਕਣ ਦੀ ਸ਼ਕਤੀ ਨਹੀਂ ਸੀ? ਆਇਤ 21 'ਤੇ ਧਿਆਨ ਦਿਓ:

> ਤਾਂ ਯਹੋਵਾਹ ਨੇ ਇਕ ਦੂਤ ਨੂੰ ਘੱਲਿਆ ਜਿਹਨੇ ਅੱਸ਼ੂਰ ਦੇ ਬਾਦਸ਼ਾਹ ਦੇ ਲਸ਼ਕਰ ਵਿੱਚੋਂ ਸਾਰੇ ਸੂਰਬੀਰਾਂ ਨੂੰ ਅਤੇ ਅਫ਼ਸਰਾਂ ਨੂੰ ਅਤੇ ਸਰਦਾਰਾਂ ਨੂੰ ਮਾਰ ਸੁੱਟਿਆ! ਸੋ ਉਹ ਸ਼ਰਮਿੰਦਾ ਹੋ ਕੇ ਆਪਣੇ ਦੇਸ਼ ਨੂੰ ਮੁੜ ਗਿਆ ਅਤੇ ਜਦ ਉਹ ਆਪਣੇ ਦੇਵਤੇ ਦੇ ਮੰਦਰ ਵਿਚ ਗਿਆ ਤਾਂ ਉਹਦੀ ਅੰਸ ਵਿੱਚੋਂ ਹੀ ਕਿਸੇ ਉਹਨੂੰ ਉੱਥੇ ਹੀ ਤਲਵਾਰ ਨਾਲ ਵੱਢ ਸੁੱਟਿਆ।

ਸਨਹੇਰੀਬ ਨੂੰ ਇਹ ਗੱਲ ਸਖ਼ਤੀ ਨਾਲ ਹੀ ਸਮਝਾਈ ਜਾ ਸਕਦੀ ਸੀ ਕਿ ਖ਼ੁਦਾ ਸਚਮੁਚ ਸਮਰੱਥ ਹੈ!

## ਖ਼ੁਦਾ ਅੱਜ ਵੀ ਸ਼ਕਤੀ ਰੱਖਦਾ ਹੈ

ਆਉ ਹੁਣ ਇਸ ਰੋਮਾਂਚਕ ਹਕੀਕਤ ਵਲ ਮੁੜਦੇ ਹਾਂ ਕਿ ਸਿਰਫ਼ ਗੁਜ਼ਰੇ ਜ਼ਮਾਨੇ ਵਿਚ ਹੀ ਨਹੀਂ ਸਗੋਂ ਅੱਜ ਵੀ ਖ਼ੁਦਾ ਸਮਰੱਥ ਹੈ।

ਇਕ ਵਾਰ ਯਿਸੂ ਨੇ ਕੁਝ ਯਹੂਦੀਆਂ ਨੂੰ ਝਿੜਕਿਆ ਸੀ ਜਿਨ੍ਹਾਂ ਨੂੰ ਲੱਗਦਾ ਸੀ ਕਿ ਅਬਰਾਹਾਮ ਦੀ ਔਲਾਦ ਹੋਣ ਕਰਕੇ ਉਨ੍ਹਾਂ ਨਾਲ ਖ਼ਾਸ ਤਰ੍ਹਾਂ ਦਾ ਸਲੂਕ ਕੀਤਾ ਜਾਣਾ ਚਾਹੀਦਾ ਹੈ। ਯਿਸੂ ਨੇ ਕਿਹਾ, ''ਆਪਣੇ ਮਨ ਵਿਚ ਇਸ ਗੱਲ ਦੇ ਕਹਿਣ ਦੀ ਸੋਚ ਨਾ ਕਰੋ ਕਿ ਅਬਰਾਹਾਮ ਸਾਡਾ ਪਿਤਾ ਹੈ ਕਿਉਂ ਜੋ ਮੈਂ ਤੁਹਾਨੂੰ ਆਖਦਾ ਹਾਂ ਕਿ ਪ੍ਰਮੇਸ਼ਵਰ ਅਬਰਾਹਾਮ ਦੇ ਲਈ ਇਨ੍ਹਾਂ ਪੱਥਰਾਂ ਵਿੱਚੋਂ ਬਾਲਕ ਪੈਦਾ ਕਰ ਸਕਦਾ ਹੈ'' (ਮੱਤੀ 3:9; ਲੂਕਾ 3:8 ਵੀ ਵੇਖੋ)। ਪੁਰਾਣੇ ਨੇਮ ਵਿਚ ਵੀ ਖ਼ੁਦਾ ਸ਼ਕਤੀ ਰੱਖਦਾ ਸੀ ਅਤੇ ਨਵੇਂ ਨੇਮ ਵਿਚ ਵੀ ਉਹ ਸ਼ਕਤੀ ਰੱਖਦਾ ਹੈ!

ਲੇਖਕ ਲਾਇਡ ਸੀ.ਡਗਲਸ ਨੂੰ ਵਾਇਲਨ ਸਿਖਾਉਣ ਵਾਲੇ ਬਜ਼ੁਰਗ ਦੇ ਵਿਹਾਰਕ ਨਜ਼ਰੀਏ ਕਰਕੇ ਉਹਨੂੰ ਮਿਲਣਾ ਚੰਗਾ ਲੱਗਦਾ ਸੀ। ਇਕ ਵਾਰ ਜਦ ਉਹ ਉਸ ਨੂੰ ਮਿਲਣ ਗਿਆ, ਤਾਂ ਬਜ਼ੁਰਗ ਉਸਤਾਦ ਤੋਂ ਪੁੱਛਿਆ, ''ਅੱਜ ਲਈ ਚੰਗੀ ਖ਼ਬਰ ਕੀ ਹੈ?'' ਉਸ ਉਸਤਾਦ ਨੇ ਤਾਰ ਨੂੰ ਛੇੜਿਆ ਜਿਸ ਨਾਲ ਇਕ ਸਪਸ਼ਟ ਜਿਹੀ ਧੁਨ ਨਿੱਕਲੀ। ਉਹਨੇ ਕਿਹਾ, ''ਇਹੀ ਚੰਗੀ ਖ਼ਬਰ ਹੈ। ਇਹ ਚੰਗੀ ਖ਼ਬਰ ਸੰਗੀਤ ਦਾ ਸੁਰ 'ਧ' ਹੈ। ਕੱਲ ਵੀ ਇਹ 'ਧ' ਸੀ ਅਤੇ ਅੱਜ ਵੀ 'ਧ' ਹੀ ਹੈ ਅਤੇ ਅੱਜ ਤੋਂ ਹਜ਼ਾਰ ਸਾਲ ਬਾਅਦ ਵੀ 'ਧ' ਹੀ ਰਹੇਗਾ।'' ਸਾਡੇ ਪਾਠ ਦੀ ਚੰਗੀ ਖ਼ਬਰ ਇਹ ਹੈ ਕਿ ਖ਼ੁਦਾ ਕੱਲ ਸ਼ਕਤੀ ਰੱਖਦਾ ਸੀ, ਅੱਜ ਵੀ ਸ਼ਕਤੀ ਰੱਖਦਾ ਹੈ ਅਤੇ ਅੱਜ ਤੋਂ ਦਸ ਹਜ਼ਾਰ ਸਾਲ ਬਾਅਦ ਵੀ ਸ਼ਕਤੀ ਰੱਖਦਾ ਹੋਵੇਗਾ।

ਨਵੇਂ ਨੇਮ ਦੀਆਂ ਆਇਤਾਂ ਵਿਚ ਅਨੁਵਾਦ ਹੋਏ ਜਿਸ ਸ਼ਬਦ ''ਸਮਰੱਥ'' 'ਤੇ ਅਸੀਂ ਵਿਚਾਰ ਕਰਾਂਗੇ ਉਸ ਨੂੰ *dunamis* ਦੇ ਵੱਖੋ ਵੱਖ ਰੂਪਾਂ ਤੋਂ ਲਿਆ ਗਿਆ ਹੈ, ਜਿਸ ਤੋਂ

ਅੰਗ੍ਰੇਜ਼ੀ ਦੇ ''ਡਾਇਨਾਮਾਈਟ,'' ''ਡਾਇਨਾਮਿਕ'' ਆਦਿ ਸ਼ਬਦ ਨਿੱਕਲੇ ਹਨ। ਕਈ ਅਨੁਵਾਦਾਂ ਵਿਚ ''ਸਮਰੱਥ ਹੈ'' ਦੇ ਬਜਾਏ ''ਯੋਗ ਹੈ'' ਵਾਕਾਂਸ਼ ਮਿਲਦਾ ਹੈ, ਪਰ ਅਰਥ ਦੋਹਾਂ ਦਾ ਇੱਕੋ ਹੈ। ਸਾਡਾ ਖ਼ੁਦਾ ਸਮਰੱਥ ਖ਼ੁਦਾ ਹੈ!

ਨਵਾਂ ਨੇਮ ਸਾਨੂੰ ਕੰਮ ਕਰਨ ਦੀਆਂ ਖ਼ੁਦਾ ਦੀਆਂ ਬਹੁਤ ਸਾਰੀਆਂ ਯੋਗਤਾਵਾਂ ਬਾਰੇ ਦੱਸਦਾ ਹੈ। ਆਉ ਉਨ੍ਹਾਂ ਵਿੱਚੋਂ ਕਈਆਂ ਬਾਰੇ ਥੋੜ੍ਹੀ ਗੱਲ ਕਰਦੇ ਹਾਂ। ਉਮੀਦ ਹੈ ਤੁਸੀਂ ਇਨ੍ਹਾਂ ਆਇਤਾਂ ਨੂੰ ਬਾਰ-ਬਾਰ ਪੜ੍ਹੋਗੇ ਅਤੇ ਇਨ੍ਹਾਂ 'ਤੇ ਹੈਰਾਨ ਹੋਵੋਗੇ।

### ਬਚਾਉਣ ਦੀ ਖ਼ੁਦਾ ਦੀ ਯੋਗਤਾ

ਪਿਆਰ ਦੇ ਯੋਗ ਨਾ ਹੋਣ ਦੇ ਬਾਵਜੂਦ ਵੀ ਖ਼ੁਦਾ ਸਾਨੂੰ ਪਿਆਰ ਕਰਨ ਵਿਚ ਸਮਰੱਥ ਸੀ। ਉਹ ਆਪਣੇ ਪੁੱਤਰ ਨੂੰ ਭੇਜਣ ਵਿਚ ਸਮਰੱਥ ਸੀ। ਹੁਣ ਉਹ ਮਾਫ਼ੀ ਦੇਣ ਦੇ ਸਮਰੱਥ ਹੈ। ਇਸੇ ਨੂੰ *ਫ਼ਜ਼ਲ* ਜਾਂ ਕਿਰਪਾ ਆਖਦੇ ਹਨ, ਅਤੇ ਇਹ ਫ਼ਜ਼ਲ *ਮੁਕਤੀ* ਦਵਾਉਣ ਲਈ ਖ਼ੁਦਾ ਦੀ ਸਮਰੱਥ ਦਾ ਐਲਾਨ ਕਰਦਾ ਹੈ। ਪੌਲੁਸ ਨੇ ਅਫ਼ਸੁਸ ਦੇ ਬਜ਼ੁਰਗਾਂ ਨੂੰ ਦੱਸਿਆ ਸੀ, ''ਹੁਣ ਮੈਂ ਤੁਹਾਨੂੰ ਪ੍ਰਮੇਸ਼ਵਰ ਅਰ ਉਹ ਦੀ ਕਿਰਪਾ ਦੇ ਵਚਨ ਦੇ ਸਪੁਰਦ ਕਰਦਾ ਹਾਂ ਜਿਹੜਾ ਤੁਹਾਨੂੰ ਸਿੱਧ ਬਣਾ *ਸਕਦਾ* ਅਤੇ ਤੁਹਾਨੂੰ ਸਰਬੱਤ ਪਵਿੱਤਰ ਕੀਤਿਆਂ ਹੋਇਆ ਵਿਚ ਅਧਿਕਾਰ ਦੇ *ਸਕਦਾ ਹੈ*' (ਰਸੂਲਾਂ ਦੇ ਕੰਮ 20:32)।

ਖ਼ੁਦਾ ਇਹ ਸਮਝਣ ਵਿਚ ਸਾਡੀ ਮਦਦ ਕਰੇ ਕਿ ਇਹ ਸੱਚ ਕਿਨ੍ਹਾਂ ਕੀਮਤੀ ਹੈ। ਸਾਡੇ ਕੋਲ ਆਪਣੀ ਮੁਕਤੀ ਪਾਉਣ ਦੀ ਕੋਈ ਯੋਗਤਾ ਨਹੀਂ ਹੈ। ਜੇ ਖ਼ੁਦਾ ਯੋਗ ਨਾ ਹੁੰਦਾ, ਤਾਂ ਅਸੀਂ ਬੇ-ਆਸੇ ਹੋਣਾ ਸੀ। ਪਰ ''ਉਹ ਉਨ੍ਹਾਂ ਦਾ ਜਿਹੜੇ ਉਹ [ਯਿਸੂ] ਦੇ ਰਾਹੀਂ ਪ੍ਰਮੇਸ਼ਵਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ *ਕਰ ਸਕਦਾ ਹੈ*' (ਇਬਰਾਨੀਆਂ 7:25ੳ)।

### ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿਚ ਸਾਡੀ ਮਦਦ ਕਰਨ ਵਿਚ ਖ਼ੁਦਾ ਦੀ ਯੋਗਤਾ

ਮਸੀਹੀ ਬਣਨ ਤੋਂ ਬਾਅਦ ਵੀ ਅਸੀਂ ਦੁਨੀਆਂ ਵਿਚ ਹੀ ਰਹਿੰਦੇ ਹਾਂ ਅਤੇ ਕਈ ਵਾਰ ਮਸੀਹੀ ਜ਼ਿੰਦਗੀ ਜੀਊਣਾ ਸਾਡੇ ਲਈ ਬੜਾ ਔਖਾ ਹੋ ਜਾਂਦਾ ਹੈ। ਰੋਮੀਆਂ 7 ਵਿਚ ਇਕ ਕੌੜੀ ਹਕੀਕਤ ਮਿਲਦੀ ਹੈ ਕਿ ਕੋਈ ਵੀ ਮਨੁੱਖ ਆਪਣੇ ਵਸੀਲਿਆਂ ਰਾਹੀਂ ਮਸੀਹੀ ਜ਼ਿੰਦਗੀ ਜੀਣ ਦੇ ਕਾਬਲ ਨਹੀਂ ਹਨ। ਖ਼ੁਦਾ ਦਾ ਸ਼ੁਕਰ ਹੋਵੇ ਕਿ ਉਸ ਯੋਗ ਹੈ; ਉਹ ਸਾਡੇ ਨਾਲ ਰਹੇਗਾ ਅਤੇ ਸਾਨੂੰ ਸ਼ਕਤੀ ਦੇਵੇਗਾ। ਨਵੇਂ ਨੇਮ ਵਿਚ ਇਕ ਤੋਂ ਇਕ ਆਇਤ ਇਸ ਸ਼ਾਨਦਾਰ ਹਕੀਕਤ ਦਾ ਐਲਾਨ ਕਰਦੀ ਹੈ:

(1) ਯਿਸੂ ਦੀ ਗੱਲ ਕਰਦਿਆਂ ਇਬਰਾਨੀਆਂ 2:18ਅ ਆਖਦਾ ਹੈ, ''ਉਹ ਉਨ੍ਹਾਂ ਦੀ ਜਿਹੜੇ ਪਰਾਤਵੇ ਵਿਚ ਪੈਂਦੇ ਹਨ ਸਹਾਇਤਾ *ਕਰ ਸਕਦਾ ਹੈ*।''

(2) 2 ਤਿਮੋਥਿਉਸ 1:12ਅ ਵਿਚ ਅਸੀਂ ਪੜ੍ਹਦੇ ਹਾਂ, ''ਮੈਂ ਉਹ ਨੂੰ ਜਾਣਦਾ ਹਾਂ ਜਿਸਦੀ ਮੈਂ ਪਰਤੀਤ ਕੀਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਭਈ ਉਹ ਮੇਰੀ ਅਮਾਨਤ ਦੀ ਉਸ ਦਿਨ ਤੀਕ ਰਖਵਾਲੀ ਕਰ *ਸਕਦਾ ਹੈ*।''

(3) ਖ਼ੁਦਾ ਦੇ ਵਫ਼ਾਦਾਰ ਹੋਣ 'ਤੇ ਵੀ ਜਦ ਕਿਸੇ ਦੀ ਅਲੋਚਨਾ ਹੁੰਦੀ ਹੈ, ਤਾਂ ਉਹਦੇ ਲਈ ਇਹ ਵਾਅਦਾ ਹੈ, ''ਪ੍ਰਭੂ ਉਹਦੇ ਖਲ੍ਹਿਆਰਨ ਨੂੰ ਸਮਰੱਥ ਹੈ'' (ਰੋਮੀਆਂ 14:4ੲ)।

(4) ਇਹ ਹਕੀਕਤ ਕਿ ''ਖ਼ੁਦਾ ਸਮਰੱਥ ਹੈ'' ਭੰਡਾਰੀਪਨ ਦੇ ਵਿਸ਼ੇ ਨੂੰ ਵੀ ਪ੍ਰਭਾਵਤ ਕਰਦੀ ਹੈ। ਅੱਜ ਦੇ ਮਾਲੀ ਦਬਾਵਾਂ ਦੀ ਰੌਸ਼ਨੀ ਵਿਚ ਅਸੀਂ ਉਹੋ ਜਿਹੇ ਭੰਡਾਰੀ ਕਿਵੇਂ ਬਣ ਸਕਦੇ ਹਾਂ ਜਿਹੋ ਜਿਹੇ ਸਾਨੂੰ ਹੋਣਾ ਚਾਹੀਦਾ ਹੈ? ਸਿੱਧਾ ਜਿਹਾ ਜਵਾਬ ਹੈ ਕਿ ਅਸੀਂ ਅਜਿਹੇ ਭੰਡਾਰੀ ਨਹੀਂ ਬਣ ਸਕਦੇ। ਅਸੀਂ ਆਪਣੇ ਆਪ ਕੁਝ ਨਹੀਂ ਕਰ ਸਕਦੇ। ਸਾਡੇ ਵਿਚ ਉਹ ਯੋਗਤਾ ਨਹੀਂ ਹੈ, ਪਰ ਸਾਡਾ ਖ਼ੁਦਾ ਸਮਰੱਥ ਹੈ। ਦਾਨ ਦੇਣ ਬਾਰੇ 2 ਕੁਰਿੰਥੀਆਂ 8 ਅਤੇ 9 ਦੋ ਸ਼ਾਨਦਾਰ ਪਾਠ ਹਨ। ਲਿਖਿਆ ਹੈ:

> ਹਰੇਕ ਜਿਵੇਂ ਉਹ ਨੇ ਦਿਲ ਵਿਚ ਧਾਰਿਆ ਹੈ ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ ਪ੍ਰਮੇਸ਼ਵਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ। ਅਤੇ *ਪ੍ਰਮੇਸ਼ਵਰ* ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ *ਸਕਦਾ ਹੈ* ਭਈ ਹਰ ਪਰਕਾਰ ਨਾਲ ਸਦਾ ਸਭ ਕੁਝ ਤੁਹਾਡੇ ਕੋਲ ਹੋਵੇ ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ।... ਜੋ ਤੁਸੀਂ ਸਭਨਾਂ ਗੱਲਾਂ ਵਿਚ ਹਰ ਪ੍ਰਕਾਰ ਦੀ ਸਖਾਵਤ ਲਈ ਧਨੀ ਹੋ ਜਾਓ ਜਿਹੜੀ ਸਾਡੇ ਰਾਹੀਂ ਪ੍ਰਮੇਸ਼ਵਰ ਦੇ ਧੰਨਵਾਦ ਲਈ ਗੁਣਕਾਰੀ ਹੈ (2 ਕੁਰਿੰਥੀਆਂ 9:7-11)।

(5) ਅੱਗੇ ਅਸੀਂ ਇਕ ਖ਼ੂਬਸੂਰਤ ਆਇਤ 'ਤੇ ਆਉਂਦੇ ਹਾਂ ਜੋ ਸਾਨੂੰ ਹੈਰਾਨ ਕਰ ਦਿੰਦੀ ਹੈ: ''ਹੁਣ ਉਹ ਦੀ ਜਿਹੜਾ ਅਜਿਹਾ *ਸਮਰਥ ਹੈ* ਕਿ ਜੋ ਕੁਝ ਅਸੀਂ ਮੰਗਦੇ ਯਾ ਸੋਚਦੇ ਹਾਂ ਉਸ ਨਾਲੋਂ ਅੱਤ ਵਧੀਕ ਕਰ ਸਕਦਾ ਹੈ ਉਸ ਸਮਰੱਥਾ ਦੇ ਅਨੁਸਾਰ ਜੋ ਸਾਡੇ ਵਿਚ ਪੋਹੰਦੀ ਹੈ'' (ਅਫ਼ਸੀਆਂ 3:20)। ਸਾਡੀ ਸਮਰੱਥਾ ਸੀਮਤ ਹੈ ਪਰ ਖ਼ੁਦਾ ਦੀ ਸਮਰੱਥਾ ਦੀ ਕੋਈ ਹੱਦ ਨਹੀਂ!

## ਫ਼ਤਹਿਮੰਦ ਜ਼ਿੰਦਗੀ ਬਿਤਾਉਣ ਵਿਚ ਸਾਡੀ ਮਦਦ ਕਰਨ ਵਿਚ ਖ਼ੁਦਾ ਦੀ ਯੋਗਤਾ

ਪਹਿਲਾਂ ਮੈਂ ਟਿੱਪਣੀ ਕੀਤੀ ਸੀ ਕਿ ਇਬਰਾਨੀਆਂ 7:25 ਮੁਕਤੀ ਦਵਾਉਣ ਲਈ ਖ਼ੁਦਾ ਦੀ ਸਮਰੱਥਾ ਦੀ ਗੱਲ ਕਰਦਾ ਹੈ। ਆਉ ਇਸ ਵਿਚਾਰ ਨੂੰ ਪੂਰਨਤਾ ਦੇਣ ਲਈ ਓਸੇ ਆਇਤ 'ਤੇ ਵਾਪਸ ਆਉਂਦੇ ਹਾਂ: ''ਇਸ ਲਈ ਉਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪ੍ਰਮੇਸ਼ਵਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ *ਕਰ ਸਕਦਾ ਹੈ ਕਿਉਂ ਜੋ ਉਨਾਂ ਦੀ ਸਿਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ।''* ਜੇ ਤੁਸੀਂ ਪਰੇਸ਼ਾਨੀਆਂ ਵਿਚ ਘਿਰੇ ਹੋ, ਪਰ ਨਾਲ ਦੇ ਕਮਰੇ ਵਿਚ ਤੁਹਾਡੇ ਲਈ ਦੁਆ ਕਰਦੇ ਯਿਸੂ ਨੂੰ ਸੁਣ ਸਕੋ, ਤਾਂ ਭਲਾ ਤੁਹਾਨੂੰ ਕਿਸੇ ਵੀ ਗੱਲ ਦਾ ਸਾਹਮਣਾ ਕਰਨ ਵਿਚ ਮਦਦ ਨਹੀਂ ਮਿਲੇਗੀ? ਭਲਾ ਯਿਸੂ ਦੇ ਤੁਹਾਡੇ ਕੋਲ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ? ਉਹ ਸਵਰਗ ਵਿਚ ਸਾਡੇ ਵਾਸਤੇ ਬੇਨਤੀ ਕਰ ਰਿਹਾ ਹੈ। ਯਹੂਦਾ 24, 25 ਵਿਚ ਸਾਨੂੰ ਇਹ ਸ਼ੁਭ ਕਾਮਨਾ ਮਿਲਦੀ ਹੈ:

> ਹੁਣ ਜਿਹੜਾ ਸਮਰੱਥ ਹੈ ਜੋ ਤੁਹਾਨੂੰ ਠੇਡੇ ਖਾਣ ਤੋਂ ਬਚਾ ਸਕਦਾ ਅਤੇ *ਤੁਹਾਨੂੰ ਆਪਣੀ ਮਹਿਮਾ ਦੇ ਸਨਮੁਖ ਅਨੰਦ ਸਹਿਤ ਨਿਰਮਲ ਖੜਾ ਕਰ ਸਕਦਾ ਹੈ। ਓਸੇ ਦੀ ਅਰਥਾਤ ਓਸ ਅਦੁਤੀ ਪ੍ਰਮੇਸ਼ਵਰ ਦੀ ਜੋ ਸਾਡਾ ਮੁਕਤੀ ਦਾਤਾ ਹੈ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਸਭਲਾਂ ਜੁੱਗਾਂ ਤੋਂ ਪਹਿਲਾਂ ਅਤੇ ਹੁਣ ਵੀ ਅਤੇ ਸਭਨਾਂ ਜੁੱਗਾ ਤੀਕਰ ਮਹਿਮਾ, ਪਰਾਕ੍ਰਮ, ਮਹਾਨਤਾ ਅਤੇ ਇਖ਼ਤਿਆਰ ਹੋਵੇ। ਆਮੀਨ।*

ਸਾਡਾ ਜਿਸਮ ਕੰਬ ਉੱਠਦਾ ਹੈ। ਸਾਨੂੰ ਪਤਾ ਹੈ ਕਿ ਸਾਡਾ ਜਿਸਮ ਲਗਾਤਾਰ ਪਤਨ ਵੱਲ ਨੂੰ ਜਾ ਰਿਹਾ ਹੈ; ਸਾਡੇ ਕੋਲ ਇਸਨੂੰ ਕਬਰ ਵੱਲ ਨੂੰ ਜਾਣ ਤੋਂ ਰੋਕਣ ਵੱਲ ਦੀ ਸਮਰੱਥਾ ਨਹੀਂ ਹੈ; ਪਰ ਫ਼ਤਹਿ ਪਾਉਣ ਵਿਚ ਮਦਦ ਕਰਨ ਵਿਚ ਖ਼ੁਦਾ ਸਮਰੱਥ ਹੈ। ਪੌਲੁਸ ਨੇ ਲਿਖਿਆ ਹੈ:

> ਕਿਉਂਕਿ ਜੋ ਅਸੀਂ ਸਵਰਗ ਦੀ ਪਰਜਾ ਹਾਂ ਜਿੱਥੋਂ ਅਸੀਂ ਇਕ ਮੁਕਤੀ ਦਾਤੇ ਅਰਥਾਤ ਪ੍ਰਭੂ ਯਿਸੂ ਮਸੀਹ ਦੀ ਉਡੀਕ ਵੀ ਕਰਦੇ ਹਾਂ। ਜਿਹੜਾ ਆਪਣੀ ਸ਼ਕਤੀ ਦੇ ਅਨੁਸਾਰ ਜਿਹ ਦੇ ਨਾਲ ਉਹ ਸਭਨਾਂ ਵਸਤਾਂ ਨੂੰ ਆਪਣੇ ਵੱਸ ਵਿਚ ਕਰ ਸੱਕਦਾ ਹੈ ਸਾਡੀ ਦੀਨਤਾ ਨੂੰ ਆਪਣੇ ਵੱਸ ਵਿਚ ਕਰ ਸੱਕਦਾ ਹੈ ਸਾਡੀ ਦੀਨਤਾ ਦੇ ਸਰੀਰ ਨੂੰ ਵਟਾ ਕੇ ਆਪਣੇ ਤੇਜ ਦੇ ਸਰੀਰ ਦੀ ਨਿਆਈਂ ਬਣਾਵੇਗਾ (ਫ਼ਿਲਿੱਪੀਆਂ 3:20, 21)।

ਜਦ ਖ਼ੁਦਾ ਸਾਡੇ ਨਾਲ ਹੈ, ਤਾਂ ਅਸੀਂ ਆਪਣੀ ਨਹੀਂ ਸਗੋਂ ਉਹਦੀ ਸਮਰੱਥਾ 'ਤੇ ਨਿਰਭਰ ਹੋ ਸਕਦੇ ਹਾਂ। ਖ਼ੁਦਾ ਦੀ ਮਦਦ ਨਾਲ ਅਸੀਂ ਫਤਹਿਮੰਦ ਜ਼ਿੰਦਗੀ ਵੱਲ ਨੂੰ ਵਧ ਸਕਦੇ ਹਾਂ!

## ਖ਼ੁਦਾ ਅੱਜ ਸਮਰੱਥ ਹੈ ਜੇ ...

ਖ਼ੁਦਾ ਦੇ ਵਿਵੇਕੀ ਲੋਕ ਹਮੇਸ਼ਾ ਇਹ ਮਹਿਸੂਸ ਕਰਦੇ ਹਨ ਕਿ ਖ਼ੁਦਾ ਜੋ ਕੁਝ ਕਰ ਸਕਦਾ ਹੈ, ਉਹ ਸੱਭ ਕੁਝ ਜਾਣਬੁੱਝ ਕੇ ਨਹੀਂ ਕਰਦਾ। ਜਿਸ ਕਰਕੇ ਇਸ ਤੱਥ ਤੋਂ ਅੱਗੇ ਕਿ ਖ਼ੁਦਾ ਸਮਰੱਥ ਹੈ ਸਾਨੂੰ ਇਕ ''ਜੇ'' ਵੀ ਜੋੜ ਲੈਣਾ ਚਾਹੀਦਾ ਹੈ। ਯਾਨੀ ''ਖ਼ੁਦਾ ਕਰ ਸਕਦਾ ਹੈ (ਅਤੇ ਕਰੇਗਾ ਵੀ) *ਜੇ* ...।''

### ਜੇ ਇਹ ਉਹਦੀ ਇੱਛਾ ਮੁਤਾਬਕ ਹੈ

ਪਹਿਲੀ ਗੱਲ ਖ਼ੁਦਾ ਕਰ ਸਕਦਾ ਹੈ *ਜੇ* ਕੀਤਾ ਜਾਣ ਵਾਲਾ ਕੰਮ *ਉਹਦੀ ਇੱਛਾ ਨਾਲ ਮੇਲ ਖਾਂਦਾ ਹੈ*।

ਆਉ ਦਾਨਿਏਲ 3 ਦੇ ਆਪਣੇ ਪਾਠ ਵੱਲ ਵਾਪਸ ਆਉਂਦੇ ਹਾਂ। ਅਜੇ ਅਸੀਂ ਆਇਤ 18 ਦਾ ਜ਼ਿਕਰ ਨਹੀਂ ਕੀਤਾ ਹੈ। ਇਹ ਕਹਿਣ ਤੋਂ ਬਾਅਦ ਕਿ ''ਸਾਡਾ ਪ੍ਰਮੇਸ਼ਵਰ ਜਿਹ ਦੀ ਅਸੀਂ ਸੇਵਾ ਕਰਦੇ ਹਾਂ ਸਾਨੂੰ ਅੱਗ ਦੀ ਬਲਦੀ ਹੋਈ ਭਠੀ ਤੋਂ ਛਡਾਉਣ ਦੀ ਸ਼ਕਤੀ ਰੱਖਦਾ ਹੈ'' (ਆਇਤ 17ੳ), ਸ਼ਦਰਕ, ਮੇਸ਼ਕ ਅਤੇ ਅਬੇਦਨਗੋ ਨੇ ਅੱਗੇ ਕਿਹਾ, ''*ਨਹੀਂ ਤਾਂ* ਹੇ ਮਹਾਰਾਜ, ਤੁਹਾਨੂੰ ਪਤਾ ਹੋਵੇ ਕਿ ਅਸੀਂ ਤੁਹਾਡੇ ਦੇਵਤਿਆਂ ਦੀ ਸੇਵਾ ਨਹੀਂ ਕਰਾਂਗੇ ਅਤੇ ਨਾ ਹੀ ਉਸ ਸੋਨੇ ਦੀ ਮੂਰਤ ਅੱਗੇ ਜਿਹਨੂੰ ਤੁਸਾਂ ਖੜਾ ਕੀਤਾ ਹੈ ਮੱਥਾ ਟੇਕਾਂਗੇ'' (ਆਇਤ 18)। ਦੂਜੇ ਸ਼ਬਦਾਂ ਵਿਚ, ਉਹ ਆਖ ਰਹੇ ਸਨ, ''ਜੇ ਖ਼ੁਦਾ ਸਾਨੂੰ ਕੱਢਣਾ *ਨਾ* ਵੀ ਚਾਹੇ ਤਾਂ ਵੀ ਅਸੀਂ ਉਸ ਨਾਲ ਪਿਆਰ ਕਰਾਂਗੇ ਅਤੇ ਓਸੇ ਦੀ ਹੀ ਬੰਦਗੀ ਕਰਾਂਗੇ।'' ਉਨ੍ਹਾਂ ਨੂੰ ਅੱਗ ਦੀ ਭੱਠੀ ਵਿਚ ਪਾਏ ਜਾਣ ਦੇ ਬਾਅਦ ਖ਼ੁਦਾ ਦੀ ਮਰਜ਼ੀ ਉਨ੍ਹਾਂ ਨੂੰ ਕੱਢਣ ਦੀ *ਸੀ*, ਪਰ ਉਨ੍ਹਾਂ ਨੇ ਇਸ ਸੰਭਾਵਨਾ 'ਤੇ ਵਿਚਾਰ ਕੀਤਾ ਕਿ ਹੋ ਸਕਦਾ ਸੀ ਕਿ ਇੰਜ ਨਾ ਹੋਵੇ ਅਤੇ ਜੇ ਖ਼ੁਦਾ ਉਨ੍ਹਾਂ ਨੂੰ ਨਾ ਕੱਢਦਾ, ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਸੀ।

ਸਲੀਬ ਇਸ ਤੱਥ ਦੀ ਹੈਰਾਨ ਕਰਨ ਵਾਲੀ ਉਦਾਹਰਣ ਹੈ ਕਿ ਖ਼ੁਦਾ ਜੋ ਕੁਝ ਕਰ ਸਕਦਾ ਹੈ ਉਹ ਸਭ ਨਹੀਂ ਕਰਦਾ। ਇਬਰਾਨੀਆਂ 5:7 ਵਿਚ ਅਸੀਂ ਪੜ੍ਹਦੇ ਹਾਂ ਕਿ ਗਤਸਮਨੀ ਬਾਗ਼ ਵਿਚ ਯਿਸੂ ਨੇ ''ਬਹੁਤ ਢਾਹਾਂ ਮਾਰ-ਮਾਰ ਕੇ ਅਤੇ ਹੰਝੂ ਕੇਰ ਕੇਰ ਕੇ ਉਸ ਦੇ ਅੱਗੇ ਜਿਹੜਾ ਉਸ

ਨੂੰ ਮੌਤ ਤੋਂ ਬਚਾ ਸਕਦਾ ਸੀ ਬੇਨਤੀ ਕੀਤੀ ...।'' ਖ਼ੁਦਾ ਯਿਸੂ ਨੂੰ ਮੌਤ ਤੋਂ ਬਚਾ ਸਕਦਾ ਸੀ ਪਰ ਉਹਨੇ ਉਹਨੂੰ ਬਚਾਇਆ ਨਹੀਂ। ਕਿਉਂ? ਕਿਉਂਕਿ ਇਹ ਖ਼ੁਦਾ ਦੀ ਮਰਜ਼ੀ ਨਾਲ ਮੇਲ ਨਹੀਂ ਖਾਣਾ ਸੀ।[4]

ਖ਼ੁਦਾ ਦੀ ਯੋਗਤਾ ਬਾਰੇ ਸਾਡਾ ਵਿਹਾਰ ਉਹੀ ਹੋਣਾ ਚਾਹੀਦਾ ਹੈ ਜੋ ਗਤਸਮਨੀ ਬਾਗ਼ ਵਿਚ ਯਿਸੂ ਦਾ ਸੀ: ''ਤਾਂ ਵੀ ਮੇਰੀ ਮਰਜ਼ੀ ਨਹੀਂ ਪਰ ਤੇਰੀ ਪੂਰੀ ਹੋਵੇ'' (ਲੂਕਾ 22:42ਅ, ਮੱਤੀ 26:39 ਵੀ ਵੇਖੋ; 1 ਕੁਰਿੰਥੀਆਂ 4:19; ਯਾਕੂਬ 4:15)।

## ਜੇ ਅਸੀਂ ਉਹਨੂੰ ਕਰਨ ਦਈਏ

ਨਾਲੇ ਖ਼ੁਦਾ ਤਾਂ ਹੀ ਕਰ ਸਕਦਾ ਹੈ *ਜੇ ਅਸੀਂ ਉਹਨੂੰ ਕਰਨ ਦਈਏ*।

''ਜੇ ਅਸੀਂ ਉਹਨੂੰ ਕਰਨ ਦਈਏ'' ਵਾਕਾਂਸ਼ ਅਜੀਬ ਲੱਗ ਸਕਦਾ ਹੈ, ਪਰ ਅਸੀਂ ਖ਼ੁਦਾ ਨੂੰ ਸੀਮਤ ਕਰ ਸਕਦੇ ਹਾਂ। ਖ਼ੁਦਾ ਨੇ ਦੁਨੀਆਂ ਨੂੰ ਅਜਿਹਾ ਹੀ ਬਣਾਇਆ ਹੈ।

ਅਸੀਂ *ਅਵਿਸ਼ਵਾਸ* ਨਾਲ ਉਹਨੂੰ ਸੀਮਤ ਕਰ ਸਕਦੇ ਹਾਂ। ਮੱਤੀ 9:28ਅ-30ੳ ਵਿਚ ਯਿਸੂ ਨੇ ਦੋ ਅੰਨ੍ਹਿਆਂ ਤੋਂ ਪੁੱਛਿਆ, ''ਭਲਾ ਤੁਹਾਨੂੰ ਨਿਹਚਾ ਹੈ ਜੋ ਮੈਂ ਇਹ ਕੰਮ ਕਰ *ਸਕਦਾ ਹਾਂ*? ਉਨ੍ਹਾਂ ਉਹਨੂੰ ਆਖਿਆ, ਹਾਂ, ਪ੍ਰਭੂ ਜੀ। ਤਦ ਉਹ ਉਨ੍ਹਾਂ ਦੀਆਂ ਅੱਖੀਆਂ ਨੂੰ ਛੋਹ ਕੇ ਬੋਲਿਆ, ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇਗਾ ਅਤੇ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹ ਗਈਆਂ।''

ਅਸੀਂ ਉਹਨੂੰ *ਅਗਿਆਨਤਾ* ਨਾਲ ਸੀਮਤ ਕਰ ਸਕਦੇ ਹਾਂ। ਖ਼ੁਦਾ ਦਾ ਵਚਨ ਖ਼ੁਦਾ ਦਾ ਇਜ਼ਹਾਰ ਹੈ, ਸੋ ਸਾਨੂੰ ਉਨ੍ਹਾਂ ਆਇਤਾਂ ਨੂੰ ਵੇਖ ਕੇ ਹੈਰਾਨੀ ਨਹੀਂ ਹੁੰਦੀ ਜੋ ਦੱਸਦੀਆਂ ਹਨ ਕਿ ਖ਼ੁਦਾ ਦਾ ਵਚਨ ਸ਼ਕਤੀਸ਼ਾਲੀ ਹੈ, ਸਾਨੂੰ ਮੁਕਤੀ ਲਈ ਬੁੱਧਵਾਨ ਬਣਾ ਸਕਦਾ ਹੈ (2 ਤਿਮੋਥਿਉਸ 3:15) ਅਤੇ ਸਾਨੂੰ ਬਚਾ ਸਕਦਾ ਹੈ (ਯਾਕੂਬ 1:21)। ਪਰ ਜੇ ਅਸੀਂ ਉਸ ਵਚਨ ਤੋਂ ਅਣਜਾਣ ਹਾਂ ਇਸ ਵਿਚ ਸਾਡੀਆਂ ਜ਼ਿੰਦਗੀਆਂ ਲਈ ਕੋਈ ਸਮਰੱਥਾ ਨਹੀਂ ਹੋਵੇਗੀ।

ਅਸੀਂ ਉਹਨੂੰ *ਹੁਕਮ ਟਾਲਣ* ਨਾਲ ਵੀ ਸੀਮਤ ਕਰ ਸਕਦੇ ਹਾਂ। ਦੂਜੇ ਪਾਸੇ ਜੇ ਅਸੀਂ ਆਪਣੀਆਂ ਜ਼ਿੰਦਗੀਆਂ ਉਹਨੂੰ ਦੇ ਦਈਏ, ਤਾਂ ਉਹ ਸਾਨੂੰ ਸਮਰੱਥਾ ਨਾਲ ਭਰਨ ਦੇ ਯੋਗ ਹੈ। ਮੈਨੂੰ ਦਾਨਿਏਲ ਨੂੰ ਕਹੀ ਨਬੂਕਦਨੱਸਰ ਦੀ ਗੱਲ ਯਾਦ ਆਉਂਦੀ ਹੈ ਜੋ ਉਹਨੇ ਆਪਣੇ ਇਕ ਸੁਪਨੇ ਦੇ ਬਾਅਦ ਕਹੀ ਸੀ, ''... ਮੇਰੇ ਰਾਜ ਦੇ ਸਭ ਗਿਆਨੀ ਇਹਦਾ ਅਰਥ ਦੱਸ ਨਹੀਂ ਸਕੇ ਪਰ ਤੂ ਦੱਸ *ਸਕਦਾ ਹੈਂ* ਕਿਉਂ ਜੋ ਪਵਿੱਤਰ ਦੇਵਤਿਆਂ ਦਾ ਆਤਮਾ ਤੇਰੇ ਵਿਚ ਹੈ'' (ਦਾਨੀਏਲ 4:18)। ਨਬੂਕਦਨੱਸਰ ਨੂੰ ਸੱਚੇ ਖ਼ੁਦਾ ਦਾ ਪੂਰੀ ਤਰ੍ਹਾਂ ਪਤਾ ਨਹੀਂ ਸੀ, ਪਰ ਉਹਨੂੰ ਇਹ ਪਤਾ ਸੀ ਜੇ ਕਿਸੇ ਕੋਲ ਖ਼ੁਦਾ ਦਾ ਆਤਮਾ ਹੈ ਤਾਂ ਉਹਦੇ ਕੋਲ ਉਹਦੀ ਸਮਰੱਥਾ ਵੀ ਹੁੰਦੀ ਹੈ। ਬਾਈਬਲ ਦੇ ਸਭ ਮਹਾਨ ਲੋਕ ਜਿਨ੍ਹਾਂ ਨੇ ਵੱਡੇ-ਵੱਡੇ ਅਚੰਭੇ ਕੰਮ ਕੀਤੇ, ਅਸਲ ਵਿਚ ਤੁਹਾਡੇ ਅਤੇ ਮੇਰੇ ਵਰਗੇ ਹੀ ਹੱਡ ਮਾਸ ਦੇ ਲੋਕ ਸਨ, ਪਰ ਉਨ੍ਹਾਂ ਵਿਚ ਖ਼ੁਦਾ ਦੀ ਸਮਰੱਥਾ ਸੀ।

ਸਾਡੀਆਂ ਜ਼ਿੰਦਗੀਆਂ ਵਿਚ ਖ਼ੁਦਾ ਦੀ ਸਮਰੱਥਾ ਹੋ ਸਕਦੀ ਹੈ (ਅਫ਼ਸੀਆਂ 3:20)। ਉਹ ਸਮਰੱਥਾ ਮੋਅਜਜ਼ੇ ਕਰਨ ਵਾਲੀ ਨਹੀਂ ਹੈ, ਪਰ ਉਹ ਹਕੀਕੀ ਸਮਰੱਥਾ ਹੈ। ਸਾਨੂੰ ਉਸ ਸਮਰੱਥਾ ਦੀ ਲੋੜ ਹੈ। ਖ਼ੁਦਾ ਤਾਂ ਸਾਡੇ ਬਗ਼ੈਰ ਵੀ ਆਪਣਾ ਕੰਮ ਕਰ ਸਕਦਾ ਹੈ, ਪਰ ਅਸੀਂ ਉਹਦੇ ਬਗ਼ੈਰ ਕੁਝ ਨਹੀਂ ਕਰ ਸਕਦੇ!

## ਸਾਰ

ਖ਼ੁਦਾ ਦੀ ਨਜ਼ਰ ਵਿਚ ਤੁਸੀਂ ਖ਼ਾਸ ਹੋ; ਭਲਾ ਤੁਹਾਨੂੰ ਇਸ ਗੱਲ ਦਾ ਅਹਿਸਾਸ ਹੈ? ਇਕ ਦਿਨ ਕਿਸੇ ਨੇ ਬੜੀ ਦਿਲਚਸਪ ਗੱਲ ਵੱਲ ਮੇਰਾ ਧਿਆਨ ਦਵਾਇਆ, ਅਜਿਹੀ ਗੱਲ ਜਿਸ 'ਤੇ ਮੈਂ ਪਹਿਲਾਂ ਕਦੇ ਧਿਆਨ ਨਹੀਂ ਦਿੱਤਾ ਸੀ। ਮੱਤੀ 10:29, 31 ਕਹਿੰਦਾ ਹੈ, ''ਭਲਾ, ਇਕ ਪੈਸੇ ਨੂੰ ਦੋ ਚਿੜੀਆਂ ਨਹੀਂ ਵਿੱਕਦੀਆਂ? ਅਤੇ ਉਨ੍ਹਾਂ ਵਿੱਚੋਂ ਇਕ ਭੀ ਤੁਹਾਡੇ ਪਿਤਾ ਦੀ ਮਰਜੀ ਬਿਨਾ ਧਰਤੀ ਉੱਤੇ ਨਹੀਂ ਡਿੱਗਦੀ''; ''ਸੋ ਨਾ ਡਰੋ। ਤੁਸੀਂ ਬਹੁਤੀਆਂ ਚਿੜੀਆਂ ਨਾਲੋਂ ਉੱਤਮ ਹੋ।'' ਦੋ ਚਿੜੀਆਂ ਇਸ ਪੈਸੇ ਵਿਚ ਵਿੱਕਦੀਆਂ ਸਨ। ਯੂਨਾਨੀ ਸ਼ਬਦ ਦਾ ਅਨੁਵਾਦ ''ਪੈਸਾ'' ਤਾਂਬੇ ਦੇ ਸਭ ਤੋਂ ਛੋਟੇ ਸਿੱਕੇ ਨੂੰ ਕਿਹਾ ਗਿਆ, ਜਿਹਦੀ ਕੀਮਤ ਸਭ ਤੋਂ ਘੱਟ ਸੀ।

ਹੁਣ ਲੂਕਾ 12:6, 7 ਵਿਚ ਵੇਖੋ: ''ਭਲਾ, ਦੋ ਪੈਸਿਆਂ ਨੂੰ ਪੰਜ ਚਿੜੀਆਂ ਨਹੀਂ ਵਿਕਦੀਆਂ? ਪਰ ਇਨ੍ਹਾਂ ਵਿੱਚੋਂ ਇੱਕ ਵੀ ਪ੍ਰਮੇਸ਼ਵਰ ਦੇ ਅੱਗੇ ਵਿੱਸਰੀ ਹੋਈ ਨਹੀਂ। ਤੁਹਾਡੇ ਸਿਰ ਦੇ ਵਾਲ ਵੀ ਸਭ ਗਿਣੇ ਹੋਏ ਹਨ। ਨਾ ਡਰੋ, ਤੁਸੀਂ ਬਹੁਤੀਆਂ ਚਿੜੀਆਂ ਨਾਲੋਂ ਉੱਤਮ ਹੋ।'' *ਪੰਜ* ਚਿੜੀਆਂ ਦੋ ਪੈਸਿਆਂ ਦੀਆਂ ਵਿਕਦੀਆਂ ਸਨ। ਜੇ ਦੋ ਚਿੜੀਆਂ ਦੀ ਕੀਮਤ ਇਕ ਪੈਸਾ ਹੁੰਦੀ ਤਾਂ ਚਾਰ ਚਿੜੀਆਂ ਤਾਂ ਦੋ ਪੈਸਿਆਂ ਦੀਆਂ ਹੋਣੀਆਂ ਸਨ। ਪਰ ਲੂਕਾ 12 ਅਧਿਆਏ ਦੋ ਪੈਸਿਆਂ ਦੀਆਂ *ਪੰਜ* ਚਿੜੀਆਂ ਦੱਸਦਾ ਹੈ। ''ਵਾਧੂ'' ਚਿੜੀ ਕਿਉਂ? ਸਾਫ਼ ਹੈ ਕਿ ਇਹ ਸੌਦੇ ਨਾਲ ਝੂੰਗੇ ਵਿਚ ਦਿੱਤੀ ਜਾਂਦੀ ਸੀ। ਚਿੜੀ ਐਨੀ ਨਿਕੰਮੀ ਸੀ! ਫ਼ਿਰ ਵੀ ਖ਼ੁਦਾ ਇਨ੍ਹਾਂ ਦੀ ਫ਼ਿਕਰ ਕਰਦਾ ਹੈ!

ਜੇ ਖ਼ੁਦਾ ਨਿਕੰਮੀ ਚਿੜੀ ਦਾ ਧਿਆਨ ਰੱਖਦਾ ਹੈ, ਤਾਂ ਉਹ ਸਾਡਾ ਕਿੰਨਾ ਧਿਆਨ ਰੱਖਦਾ ਹੋਵੇਗਾ! ਉਸ ਖ਼ੁਦਾ 'ਤੇ ਭਰੋਸਾ ਰੱਖੋ ਜੋ ਸਮਰੱਥ ਹੈ!

ਅਖ਼ੀਰ ਵਿਚ, ਮੈਂ ਖ਼ੁਦਾ ਦੀ ਸਮਰੱਥਾ ਬਾਰੇ ਦੋ ਆਖ਼ਰੀ ਆਇਤਾਂ ਨਾਲ ਕੁਝ ਚੰਗੀ ਅਤੇ ਕੁਝ ਮਾੜੀ ਖ਼ਬਰ ਦੱਸਣਾ ਚਾਹੁੰਦਾ ਹਾਂ। ਚੰਗੀ ਖ਼ਬਰ ਇਹ ਹੈ ਕਿ ਖ਼ੁਦਾ ਬਚਾ ਸਕਣ ਵਿਚ ਸਮਰੱਥ ਹੈ; ਮਾੜੀ ਖ਼ਬਰ ਇਹ ਹੈ ਕਿ ਖ਼ੁਦਾ ਨਾਸ ਕਰਨ ਵਿਚ ਸਮਰੱਥ ਹੈ। ਮੱਤੀ 10:28 ਵਿਚ ਯਿਸੂ ਨੇ ਉਨ੍ਹਾਂ ਨੂੰ ਜਿਨ੍ਹਾਂ ਨੂੰ ਉਹ ਬਾਹਰ ਭੇਜ ਰਿਹਾ ਸੀ, ਕਿਹਾ, ''ਉਨ੍ਹਾਂ ਕੋਲੋਂ ਨਾ ਡਰੋ ਜਿਹੜੇ ਦੇਹੀ ਨੂੰ ਮਾਰ ਸੁੱਟਦੇ ਹਨ ਪਰ ਰੂਹ ਨੂੰ ਨਹੀਂ ਮਾਰ ਸਕਦੇ ਸਗੋਂ ਉਸੇ ਕੋਲੋਂ ਡਰੋ ਜਿਹੜਾ ਦੇਹੀ ਅਤੇ ਰੂਹ ਦੋਹਾਂ ਦਾ ਨਰਕ ਵਿਚ ਨਾਸ ਕਰ *ਸਕਦਾ ਹੈ*।'' ਯਾਕੂਬ 4:12ਓ ਆਖਦਾ ਹੈ, ''ਸ਼ਰ੍ਹਾ ਦਾ ਦੇਣ ਵਾਲਾ ਅਤੇ ਨਿਆਈਂ ਇੱਕੋ ਹੈ ਅਰਥਾਤ ਉਹ ਜਿਹੜਾ ਮੁਕਤੀ ਦੇਣ ਅਤੇ ਨਾਸ ਕਰਨ ਨੂੰ *ਸਮਰੱਥ ਹੈ*।''

ਭਲਾ ਯਹੋਵਾਹ ਤੁਹਾਡੇ ਲਈ ਉਹ ਖ਼ੁਦਾ ਹੋਵੇਗਾ ਜੋ ਬਚਾ ਸਕਣ ਦੇ ਯੋਗ ਹੈ ਜਾਂ ਉਹ ਖ਼ੁਦਾ ਜੋ ਨਾਸ ਕਰਨ ਵਿਚ ਸਮਰੱਥ ਹੈ? ਇਹ ਤੁਹਾਡੇ 'ਤੇ ਹੈ। ਜੇ ਤੁਸੀਂ ਉਹਨੂੰ ਆਪਣੀ ਜ਼ਿੰਦਗੀ ਨਹੀਂ ਦਿੱਤੀ ਤਾਂ ਅੱਜ ਹੀ ਦੇ ਦਿਓ!

---

ਟਿੱਪਣੀਆਂ

[1]ਕਲੇਬਰਨ, ਟੈਕਸਸ ਜੌਨਸਨ ਕਾਉਂਟੀ ਵਿਚ ਟੈਕਸਸ ਦਾ ਇਕ ਛੋਟਾ ਜਿਹਾ ਭਾਗ ਹੈ ਜਿਹਦੀ ਅਬਾਦੀ 40 ਹਜ਼ਾਰ ਦੇ ਲਗਭਗ ਹੈ। [2]ਵੱਖ-ਵੱਖ ਅਨੁਵਾਦਾਂ ਵਿਚ ਵਾਕਾਂਸ਼ ਵੱਖੋ-ਵੱਖ ਹੁੰਦੇ ਹਨ, ਇਸ ਲਈ ਇਹ ਔਖਾ

ਹੈ। ਪਰ ਮੈਂ ਪਾਠ ਵਿਚ ਜਾਂ ਟਿੱਪਣੀਆਂ ਵਿਚ ਵਰਤੀਆਂ ਸਭ ਆਇਤਾਂ ’ਤੇ ਗੱਲ ਕਰਨ ਦੀ ਕੋਸ਼ਿਸ਼ ਕਰਾਂਗਾ। [3]ਲੋੜ ਮੁਤਾਬਕ ਕਹਾਣੀ ਨੂੰ ਵਿਸਤਾਰ ਦਿੱਤਾ ਜਾ ਸਕਦਾ ਹੈ। ਬੇਸ਼ੱਕ ਖ਼ੁਦਾ ਨੇ ਅਬਰਾਹਾਮ ਨੂੰ ਕੁਰਬਾਨੀ ਪੂਰੀ ਕਰਨ ਦੀ ਇਜਾਜਤ ਨਹੀਂ ਦਿੱਤੀ। ਇਹਦੀ ਥਾਂ ਖ਼ੁਦਾ ਨੇ ਕੁਰਬਾਨੀ ਲਈ ਇਕ ਲੇਲਾ ਮੁਹੱਈਆ ਕਰਵਾ ਦਿੱਤਾ। [4]ਪਰ ਧਿਆਨ ਦਿਓ ਕਿ ਇਬਰਾਨੀਆਂ 5:7 ਕਹਿੰਦਾ ਹੈ ਕਿ ਯਿਸੂ ਦੀ ਸੁਣੀ ਗਈ ਅਤੇ ਉਹਦੀ ਦੁਆ ਦਾ ਜਵਾਬ ਦਿੱਤਾ ਗਿਆ, ਪਰ ਫ਼ਰਕ ਢੰਗ ਨਾਲ।

© 2009 Truth for Today